ਪਾਰਕ ਐਂਡ
ਰੈਕਰੀਏਸ਼ਨ ਬੋਰਡ

ਪਾਰਕ ਐਂਡ ਰੈਕਰੀਏਸ਼ਨ ਬੋਰਡ

# ਮੇਲ-ਮਿਲਾਪ ਮਨੋਰਥ, ਦੂਰ-ਦ੍ਰਿਸ਼ਟੀ ਅਤੇ ਮਹੱਤਵ

## ਮਨੋਰਥ

**ਵੈਨਕੂਵਰ ਪਾਰਕ ਬੋਰਡ ਨੂੰ ਬਸਤੀਵਾਦ ਮੁਕਤ ਕਰਨਾਂ ਹੈ।**

ਪਾਰਕ ਬੋਰਡ ਬਸਤੀਵਾਦ ਦੀ ਸਥਾਪਨਾ, ਇਤਿਹਾਸ ਅਤੇ ਰਸਮੋ ਰਿਵਾਜ਼ ਨੂੰ ਜਾਣਦਾ ਹੈ ਅਤੇ ਬੋਰਡ ਦੀ ਬਚਨ-ਬੱਧਤਾ ਇਹਨਾਂ 11 ਮੇਲ-ਮਿਲਾਪ ਦੀਆਂ ਨੀਤੀਆਂ ਨੂੰ ਕਾਇਮ ਰੱਖਣਾ ਹੈ।

## ਮਹੱਤਵ

ਇਹ ਇਕ ਪ੍ਰਕਾਰ ਦਾ ਦਿਸ਼ਾ ਨਿਰਦੇਸ਼ ਹੈ ਜੋਂ ਤੁਹਾਡੇ ਕੰਮ ਕਰਨ ਦੇ ਤਰੀਕਿਆਂ ਵਿੱਚ ਤੁਹਾਨੂੰ ਸੇਧ ਦੇਣ ਵਿੱਚ ਮੱਦਦ ਕਰੇਗਾ। ਇਸ ਤਰ੍ਹਾਂ ਤੁਹਾਡੇ ਸਹਿਯੋਗੀਆਂ, ਬਾਹਰਲੇ ਹਿੱਸੇਦਾਰਾਂ ਅਤੇ ਜਨਤਾ ਤੇ ਚੰਗਾ ਪ੍ਰਭਾਵ ਪਵੇਗਾ।

### ਧੀਰਜ

ਬਸਤੀਵਾਦ ਰਾਤੋ-ਰਾਤ ਹੀ ਨਹੀਂ ਵਾਪਰ ਗਿਆ। ਇਸ ਨੂੰ ਹਟਾਉਨ ਲਈ ਜਾਂ ਖਤਮ ਕਰਨ ਲਈ ਸਮਾਂ ਲਗੇਗਾ। ਇਹ ਥੋਹੜੇ ਸਮੇਂ ਦਾ ਕੰਮ ਨਹੀਂ, ਇਸ ਨੂੰ ਖਤਮ ਕਰਨ ਲਈ ਲੰਮਾਂ ਸਮਾਂ ਲਗੇਗਾ। ਇਸ ਲਈ ਅਸੀਂ ਇੱਕ ਅੰਤਮ ਤਾਰੀਖ ਰੱਖਾਂਗੇ। ਇਹ ਵੀ ਯਕੀਨੀ ਬਣਾਵਾਂਗੇ ਕਿ ਸਭ ਕੁਝ ਵਧੀਆ ਅਤੇ ਆਦਰ-ਸਤਿਕਾਰ ਨਾਲ ਸਿਰੇ ਚੜ੍ਹਿਆ ਹੈ।

## ਦ੍ਰਿਸ਼ਟੀ

ਇੱਕ ਵਧਣ ਫੁੱਲਣ ਯੋਗ ਸੰਸਥਾ ਹੈ, ਜਿਸ ਦਾ ਹਰ। ਮੁਲਾਜ਼ਮ ਅਤੇ ਕਮਿਸ਼ਨਰ ਆਪਣੇ ਆਪ ਨੂੰ ਇੱਕ ਭਾਈਚਾਰਾ ਸਮਝਦਾ ਹੈ ਅਤੇ ਮੂਲਵਾਦੀ ਕੌਮ (ਫਸਟ ਨੈਸ਼ਨਜ਼) ਦੇ ਲੋਕ ਭਾਈਚਾਰੇ ਦੀ ਇਜ਼ੱਤ ਕਰਦਾ ਹੈ ਅਤੇ ਉਸ ਸੰਸਥਾ ਦੀ ਵੀ ਜੋ ਬਸਤੀਵਾਦ ਖਤਮ ਕਰਨ ਦੀ ਪ੍ਰਕ੍ਰਿਆ ਵਿੱਚ ਮੇਲ-ਮਿਲਾਪ ਰੱਖਣ ਵਿੱਚ ਦੁਨਿਆਵੀ ਪੱਧਰ ਦੀ ਮਿਸਾਲ ਕਾਇਮ ਕਰਦਾ ਹੋਵੇ।

### ਸਪੱਸ਼ਟਤਾ

ਅਸੀਂ ਇਸ ਤੇ ਧਿਆਨ ਕੇਂਦਰਿਤ ਕਰਾਂਗੇ ਕਿ ਬਸਤੀਵਾਦ ਕਿਵੇਂ ਚਲਦਾ ਹੈ। ਬਸਤੀਵਾਦ ਨੂੰ ਖਤਮ ਕਰਨ ਲਈ ਨਾ ਕਿ ਇਸ ਨੂੰ ਸ਼ਾਮਲ ਕਰਨ ਲਈ।

### ਪਰਿਣਾਮਵਾਦ

ਸਾਰੇ ਮੁਲਾਜ਼ਮ (ਸਟਾਫ) ਪਹਿਲਾਂ ਵਾਲਾ ਸਿਸਟਮ ਹੀ ਅਪਨਾ ਰਹੇ ਹਨ ਨਾ ਕਿ ਸਾਡੇ ਆਪਣੇ ਨਵੇਂ ਬਣਾਏ ਹੋਏ ਸਿਸਟਮ। ਪਾਰਕ ਬੋਰਡ ਦੀ ਮੇਲ-ਮਿਲਾਪ ਟੀਮ (ਪੀ.ਬੀ.ਆਰ.ਟੀ PBRT) ਸਾਡੇ ਸਾਥੀਆਂ ਦੀ ਸਹਾਇਤਾ ਕਰਨ ਲਈ ਸਾਡੇ ਕੋਲ ਹੈ। ਇਹ ਜਾਂਚ-ਪੜਤਾਲ ਕਰਨਗੇ ਕਿ ਕਿਵੇਂ ਬਸਤੀਵਾਦ ਦੂਸਰਿਆਂ ਨੂੰ ਲਗਾਤਾਰ ਨੁਕਸਾਨ ਪਹੁੰਚਾਉਂਦਾ ਰਿਹਾ ਹੈ। ਦੋਸ਼ ਲਾਉਣਾ ਗਲਤ ਹੈ।

### ਰਹਿਨੁਮਾਈ

ਅਸੀਂ ਇਕ ਦੂਜੇ ਨੂੰ ਸਿਖਾਵਾਂਗੇ, ਸ਼ਕਤੀ ਬਖਸ਼ਾਂਗੇ ਅਤੇ ਸੰਭਾਲਾਂਗੇ ਵੀ। ਇਹ ਵੀ ਦੱਸਾਂਗੇ ਕਿ ਅਸੀਂ ਆਦਿਵਾਸੀਆਂ ਦੇ ਅਸੂਲਾਂ ਤੇ ਇੱਕ ਟੀਮ ਵਜੋਂ ਕੰਮ ਕਰ ਰਹੇ ਹਾਂ।

### ਗਿਆਨ-ਜਾਣਕਾਰੀ

ਅਸੀਂ ਜਨਤਾ ਵਿੱਚੋਂ ਸਿੱਖਣ ਲਈ ਸਹਿਮਤ ਹੋਵਾਂਗੇ। ਅਸੀਂ ਗਲਤੀਆਂ ਵੀ ਕਰਾਂਗੇ ਅਤੇ ਉਹਨਾ ਗਲਤੀਆਂ ਨੂੰ ਮੰਨਾਗੇ ਵੀ। ਅਸੀਂ ਉਹਨਾ ਪ੍ਰਤੀ ਪਾਰਦਰਸ਼ੀ ਪਹੁੰਚ ਅਪਣਾਵਾਂਗੇ। ਉਹਨਾ ਗਲਤੀਆਂ ਨੂੰ ਕੁੱਝ ਸਿੱਖਣ ਲਈ ਅਤੇ ਕੁੱਝ ਸਿਖਾਉਣ ਲਈ ਵਰਤਾਂਗੇ। ਸਾਡੀਆਂ ਗਲਤੀਆਂ ਵੀ ਸਾਡੇ ਗਲਤੀਆਂ ਪਹਿਚਾਨਣ ਦੇ ਸੰਦ (ਔਜਾਰ) ਹੋਣਗੇ।

ਅਪ੍ਰੈਲ 16, 2018

ਟਰੂਥ ਐਂਡ ਰੈਕਨਸਿਲੀਏਸ਼ਨ ਕਮਿਸ਼ਨ ਔਫ ਕੈਨੇਡਾ (ਟੀ.ਆਰ.ਸੀ.) ਵੱਲੋਂ ਆਏ ਫੋਨ ਕਾਲਾਂ ਦੀ ਪ੍ਰਤਿਕ੍ਰਿਆ ਵਜੋਂ, ਵੈਨਕੂਵਰ ਸਕੂਲ ਬੋਰਡ ਆਪਣੇ ਮੁਲਾਜ਼ਮਾਂ (ਸਟਾਫ) ਨੂੰ ਇਹ ਆਦੇਸ਼ ਦਿੰਦਾ ਹੈ:

A. "ਯੂਨਾਈਟਿਡ ਨੇਸ਼ਨਜ਼ ਡੈਕਲੇਰੇਸ਼ਨ ਵੱਲੋਂ ਆਦਿਵਾਸੀ ਲੋਕਾਂ ਨੂੰ ਦਿੱਤੇ ਹੋਏ ਅਧਿਕਾਰਾਂ ਦੇ ਚਾਰਟ" ਨੂੰ ਅਪਣਾਓ। ਪਾਰਕ ਬੋਰਡ ਵੱਲੋਂ ਮੇਲ ਮਿਲਾਪ ਵਧਾਉਣ ਲਈ ਇਸ ਚਾਰਟ ਤੋਂ ਦਿਸ਼ਾ ਨਿਰਦੇਸ਼ ਲਓ।

B. ਆਦਿਵਾਸੀਆਂ ਅਤੇ ਦੂਸਰੇ ਸ਼ਹਿਰੀ ਅਦਾਰਿਆਂ ਨਾਲ ਮਿਲਕੇ ਆਦਿਵਾਸੀਆਂ ਅਤੇ ਇਸ ਦੇ ਮਸਲਿਆਂ ਅਤੇ ਮੇਲ ਮਿਲਾਪ ਦੀ ਪਹਿਚਾਣ ਕਰੋ ਅਤੇ ਸਟਾਫ ਨੂੰ ਲੋੜੀਂਦੀ ਟ੍ਰੇਨਿੰਗ ਦੇ ਕੇ ਇਸ ਨੂੰ ਇਸ ਯੋਗ ਬਣਾਓ ਕਿ ਉਹ ਢੁਕਵਾਂ ਤੇ ਲੋੜੀਂਦਾ ਹੱਲ ਕਰ ਸਕੇ।

C. ਅਪਣੇ ਪ੍ਰੋਗਰਾਮ ਲਈ ਹਰ ਪਾਸੇ ਪਹੁੰਚ ਅਪਣਾਓ, ਜਿਸ ਵਿੱਚ ਸਭਿਆਚਾਰ, ਸਿਹਤ, ਜਨਤਕ ਵਾਰਤਾਲਾਪ, ਜਿਸਮਾਨੀ ਕਸਰਤ, ਖੇਡਾਂ ਤੇ ਮੰਨੋਰੰਜਨ ਹੋਵੇ, ਜਿਸ ਨਾਲ ਮੇਲ-ਮਿਲਾਪ, ਜਨਤਕ ਗਿਆਨ ਅਤੇ ਸੁਚੇਤਤਾ ਤੇ ਸਾਵਧਾਨੀ ਵਧੇ ਅਤੇ ਜਿਸ ਨਾਲ ਆਦਿਵਾਸੀ ਲੋਕਾਂ, ਬੱਚਿਆਂ, ਜੁਆਨਾਂ, ਬਜ਼ੁਰਗਾਂ ਅਤੇ ਉਹਨੇ ਦੇ ਪਰਿਵਾਰਾਂ ਨੂੰ ਕੁੱਝ ਜਾਣਕਾਰੀ ਰਾਹੀਂ ਦਿਲਾਸਾ ਤੇ ਹੋਂਸਲਾ ਮਿਲ ਸਕੇ।

D. ਪਾਰਕ ਬੋਰਡ ਤੇ ਸਰਕਾਰਾਂ ਵੱਲੋਂ ਪੂਰਵ-ਵਰਤੀ ਪ੍ਰਬੰਧ ਸਬੰਧੀ ਜੋ ਪਹੁੰਚ ਅਪਣਾਈ ਗਈ ਸੀ, ਉਸ ਨੂੰ ਸਟੈਨਲੇ ਪਾਰਕ ਅਤੇ ਸਬੰਧਤ ਖੇਤਰ ਜਾਂ ਇਲਾਕੇ ਦੇ ਪ੍ਰਬੰਧ ਲਈ ਅੱਗੇ ਤੋਂ ਵੀ ਜ਼ਾਰੀ ਰੱਖਿਆ ਜਾਵੇ।

E. ਡੋਨੇਸ਼ਨ (ਦਾਨ) ਵਿੱਚੋਂ ਮਿਲੀਆਂ ਹੋਈਆਂ ਯਾਦਗਾਰਾਂ, ਸਮਾਰਕਾਂ ਤੇ ਪਬਲਿਕ ਆਰਟ ਦੀ ਪਾਲਿਸੀ ਅਤੇ ਪਾਲਿਸੀ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਤਿਆਰ ਕਰੋ ਜਿਸ ਨਾਲ ਆਦਿਵਾਸੀਆਂ ਦੀ ਤਵਾਰੀਖ, ਵਿਰਾਸਤ ਦੀਆਂ ਕਦਰਾਂ ਕੀਮਤਾਂ ਤੇ ਯਾਦਾਂ ਯਾਦ ਆਜਾਣ।

F. ਪੁਰਾਤਨ ਗਿਆਨ-ਵਿਗਿਆਨ ਅਨੁਸਾਰ ਪੁਰਾਤਨ ਰੱਖੀਆਂ ਹੋਈਆਂ ਵਸਤਾਂ-ਲਿਖਤਾਂ ਆਦਿ ਦਾ ਸਰਵੇਖਣ ਕਰੋ ਅਤੇ ਅਜਿਹਾ ਕਰਦਿਆਂ ਆਦਿਵਾਸੀਆਂ ਦੇ ਮੂਲ ਖਰੜੇ ਨੂੰ ਵੀ ਬੜੇ ਮਾਣ ਸਤਿਕਾਰ ਨਾਲ ਧਿਆਨ ਵਿੱਚ ਰੱਖੋ। ਮੁਆਇਨਾ ਜਾਂ ਜਾਂਚ-ਪੜਤਾਲ ਕਰਨ ਵੇਲੇ ਕੋਈ ਤਕਨੀਕੀ ਗਲਤੀ ਜਾਂ ਕੋਈ ਹੋਰ ਗਲਤੀ ਨਾਂ ਹੋ ਜਾਵੇ। ਕਿਸੇ ਕਬਰਸਤਾਨ ਦੀ ਜਾਂ ਨਾਲ ਲਗਦੀ ਜਗਾਹ ਦੀ ਜਾਂ ਫਿਰ ਪਾਰਕ ਵਿੱਚ ਕੂੜੇ ਦੇ ਢੇਰ ਦੀ ਛੇੜ-ਛਾੜ ਨਾਂ ਕੀਤੀ ਜਾਵੇ।

G. ਇਹ ਜਾਨਣਾ ਵੀ ਜ਼ਰੂਰੀ ਹੈ ਕਿ ਆਦੀਵਾਸੀਆਂ ਦੇ ਹੱਕਾਂ (ਰਾਈਟਸ) ਵਿੱਚ ਆਦੀਵਾਸੀਆਂ ਦੀ ਭਾਸ਼ਾ ਵੀ ਦਰਜ ਹੈ। ਆਦੀਵਾਸੀਆਂ ਦੀ ਭਾਸ਼ਾ ਅਤੇ ਸਭਿਅਤਾ ਨੂੰ ਸਾਂਭਣਾ, ਉਸ ਵਿੱਚ ਦੋਬਾਰਾ ਜਾਨ ਪਾਉਣਾ ਅਤੇ ਉਸ ਨੂੰ ਮਜ਼ਬੂਤ ਬਣਾਉਣਾ ਹੈ ਅਤੇ ਇਹ ਸਭ ਕੁਝ ਦਾ ਵਧੀਆ ਪ੍ਰਬੰਧ ਆਦੀਵਾਸੀ ਲੋਕਾਂ ਅਤੇ ਭਾਈਚਾਰਿਆਂ ਰਾਹੀਂ ਹੋ ਸਕਦਾ ਹੈ।

H. ਸਹਿਯੋਗੀਆਂ ਅਤੇ ਵਪਾਰਕ ਅਦਾਰਿਆਂ ਵੱਲੋਂ ਅਪਣਾਈ ਗਈ ਨੀਤੀ ਦਾ ਵੀ ਸਰਵੇਖਣ ਕਰੋ ਅਤੇ ਇਹ ਜਾਣੋ ਕਿ ਉਹਨਾਂ ਵੱਲੋਂ ਅਪਣਾਈਆਂ ਗਈਆਂ ਨੀਤੀਆਂ (Policies) T.R.C. ਟੀ. ਆਰ. ਸੀ. ਵੱਲੋਂ ਆਏ ਫੋਨ ਮੁਤਬਿਕ ਹੀ ਹਨ ।

I. ਆਦਿਵਾਸੀਆਂ ਅਤੇ ਗੈਰ-ਆਦਿਵਾਸੀ ਆਰਟਿਸਟਾਂ ਦੇ ਉਚੱ-ਪੱਧਰੇ ਪ੍ਰੋਗਰਾਮਾਂ ਲਈ ਪ੍ਰਾਰਥਮਿਕ ਤੌਰ ਤੇ ਇੱਕ ਫੰਡ ਨਿਰਧਾਰਤ ਕੀਤਾ ਜਾਵੇ। ਇਸ ਫੰਡ ਨਾਲ ਸਾਂਝੇ ਤੌਰ ਤੇ ਕਮਿਉਨਿਟੀਆਂ ਵੱਲੋਂ ਅਜਿਹੇ ਪ੍ਰੋਗਰਾਮ ਕੀਤੇ ਜਾਣ ਜੋ ਆਪਸੀ ਮੇਲ ਮਿਲਾਪ ਦੀ ਪ੍ਰਕ੍ਰਿਆ ਵਿੱਚ ਵਾਧਾ ਕਰਨ।

J. ਖਾਸ ਪ੍ਰੋਗਰਾਮਾਂ ਦੀ ਆਗਿਆ ਦੇਣ ਅਤੇ ਖੇਡਾਂ ਦੀ ਮੇਜ਼ਬਾਨੀ ਦੇ ਮੌਕੇ ਦੇਣ ਲਈ ਕੀਤੀ ਜਾਂਦੀ ਕਾਰਵਾਈ ਦਾ ਭੀ ਸਰਵੇਖਣ ਕਰੋ । ਇਹ ਯਕੀਨੀ ਬਣਾਓ ਕਿ ਆਦਿਵਾਸੀ ਮੂਲ ਖਰੜੇ ਨੂੰ ਆਦਰ-ਸਤਿਕਾਰ ਨਾਲ ਧਿਆਨ ਵਿੱਚ ਰੱਖਿਆ ਗਿਆ ਹੈ। ਇਹ ਵੀ ਧਿਆਨ ਰੱਖਣਾ ਹੋਵੇਗਾ ਕਿ ਸਥਾਨਿਕ ਆਦਿਵਾਸੀ ਭਾਈਚਾਰਾ ਵੀ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਸਕੇ।

K. ਇੱਕ ਕਾਰਡ ਤੇ ਨਾਮ ਬਦਲਣ ਦੀ ਨੀਤੀ ਪਹਿਲਾਂ ਦੀ ਤਰ੍ਹਾਂ ਹੀ ਹੈ। ਇੱਕ ਕਾਰਡ ਤੇ ਨਾਮ ਬਦਲਾਉਣ ਦਾ ਕੁੱਝ ਨਹੀਂ ਲਿਆ ਜਾਵੇਗਾ। ਖਾਸ ਤੋਰ ਤੇ ਓਦੋਂ ਜਦੋ ਆਦੀਵਾਸੀ ਲੋਕਾਂ ਨੂੰ ਸਰਕਾਰ ਵੱਲੋਂ ਸਕੂਲ ਸਿਸਟਮ ਦੇ ਅਧੀਨ ਨਾਮ ਬਦਲਾਉਣ ਦੀ ਲੋੜ ਹੋਵੇ।